ਅੰਤਿਮ ਯਾਦ ਪੱਤਰ

**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

ਨੰ:ਪਸਸਬ-ਸ.ਸ-ਕਸ-2026/18
ਮਿਤੀ: 13/5/26

ਵੱਲ:

1. ਸਮੂਹ ਐਕਸਟਰਨਲ ਪ੍ਰੀਖਿਅਕ
2. ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ
3. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
4. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
   ਪੰਜਾਬ ਰਾਜ।

**ਬਾਰਵੀਂ ਪਰੀਖਿਆ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਕਰਵਾਉਣ ਵਾਲੇ ਸਕੂਲਾਂ ਅਤੇ ਬਾਹਰੀ ਪਰੀਖਿਅਕਾਂ ਲਈ ਪਰੀਖਿਆਵਾਂ ਦੇ ਖਤਮ ਹੋਣ ਉਪਰੰਤ ਅਦਾਇਗੀ ਸਬੰਧੀ ।**

.............................................................................................................

1. ਉਕਤ ਵਿਸ਼ੇ ਸਬੰਧੀ ਆਪ ਨੂੰ ਕੰਡਕਟ ਸ਼ਾਖਾ ਦੇ ਪੱਤਰ ਨੰ: ਪਸਸਬ-ਸ.ਸ.ਕਸ-2026/3492 ਮਿਤੀ 10-03-2026 ਜਾਰੀ ਕਰਦੇ ਹੋਏ ਲਿਖਿਆ ਗਿਆ ਸੀ ਕਿ ਬੋਰਡ ਦਫ਼ਤਰ ਵੱਲੋਂ ਬਾਰਵੀਂ ਸ਼੍ਰੇਣੀ ਦੇ ਕੁੱਲ 08 ਵਿਸ਼ਿਆਂ (**ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ, ਕੰਪਿਊਟਰ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ)** ਨਾਲ ਸਬੰਧਤ ਕੇਂਦਰ ਕੰਟਰੋਲਰਜ਼ ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਉਨਲੋਡ ਕਰਨ ਅਤੇ ਹੋਰ ਫੁੱਟਕਲ ਖਰਚ ਸਬੰਧੀ ਅਦਾਇਗੀ ਅਤੇ ਇਸ ਤੋਂ ਇਲਾਵਾ ਬਾਰਵੀਂ ਸ਼੍ਰੇਣੀ ਦੇ ਕੁੱਲ 07 ਵਿਸ਼ਿਆਂ (**ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ** ) ਦੀ ਪ੍ਰਯੋਗੀ ਪਰੀਖਿਆ ਲਈ ਮੁੱਖ ਦਫਤਰ ਵੱਲੋਂ ਨਿਯੁਕਤ ਬਾਹਰੀ ਪਰੀਖਿਅਕਾਂ ਨੂੰ ਵੀ 7/-ਰੁਪਏ ਪ੍ਰਤੀ ਪਰੀਖਿਆਰਥੀ ਮਿਹਨਤਾਨੇ ਦੀ ਅਦਾਇਗੀ ਸਬੰਧੀ ਸਕੂਲ ਪੋਰਟਲ ਤੇ ਅਪਲੋਡ ਪ੍ਰੋਫਾਰਮੇ ਨੂੰ ਡਾਊਨਲੋਡ ਕਰਕੇ ਭਰਨ ਉਪਰੰਤ ਸਕੂਲ ਮੁੱਖੀ ਕਮ ਕੇਂਦਰ ਕੰਟਰੋਲਰ ਵੱਲੋਂ ਬਿੱਲ ਵੈਰੀਫਾਈ ਕਰਕੇ ਜਿਲ੍ਹਾ ਖੇਤਰੀ ਦਫਤਰ ਨੂੰ 15 ਦਿਨਾਂ ਦੇ ਅੰਦਰ ਅੰਦਰ ਸੌਪਣਗੇ । ਸਮੁੱਚੇ ਜਿਲ੍ਹੇ ਦੇ ਕੇਂਦਰ ਕੰਟਰੋਲਰਜ਼ ਅਤੇ ਬਾਹਰੀ ਪ੍ਰੀਖਿਅਕਾਂ ਵੱਲੋਂ ਪ੍ਰਾਪਤ ਬਿੱਲਾਂ ਨੂੰ ਜਿਲ੍ਹਾ ਮੈਨੇਜਰ,ਖੇਤਰੀ ਦਫਤਰ ਰਾਹੀਂ ਇੱਕਮੁਸ਼ਤ ਬਿੱਲਾਂ /ਰਾਸ਼ੀ ਨੂੰ ਵੈਰੀਫਾਈ ਕਰਨਗੇ ਅਤੇ ਵੱਖਰੇ-ਵੱਖਰੇ ਕੰਟੀਜੰਸੀ ਬਿੱਲ ਤਿਆਰ ਕਰਵਾ ਕੇ ਈ ਮਿਸਲ ਅਤੇ ਹਾਰਡ ਮਿਸਲ ਅਗਲੇ 15 ਦਿਨਾਂ ਦੇ ਅੰਦਰ ਅੰਦਰ ਮੁੱਖ ਦਫਤਰ ਨੂੰ ਭੇਜਣਗੇ।

2. ਉਕਤ ਸਬੰਧੀ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਜਿਹਨਾਂ ਕੇਂਦਰ ਕੰਟਰੋਲਰਜ਼, ਬਾਹਰੀ ਪ੍ਰੀਖਿਅਕਾਂ ਅਤੇ ਜਿਲ੍ਹਾ ਮੈਨੇਜਰ, ਖੇਤਰੀ ਦਫਤਰਾਂ ਵੱਲੋਂ ਬਾਰਵੀਂ ਦੀ ਪ੍ਰਯੋਗੀ ਪ੍ਰੀਖਿਆ ਦੀ ਅਦਾਇਗੀ ਸਬੰਧੀ ਪਹਿਲਾਂ ਦਿੱਤੇ ਸਮੇਂ ਤੱਕ ਬਿੱਲ ਮੁਕੰਮਲ ਕਰਨ ਉਪਰੰਤ ਬੋਰਡ ਦਫਤਰ ਵਿਖੇ ਨਹੀਂ ਭੇਜੇ ਗਏ ਹਨ ਉਹਨਾਂ ਨੂੰ ਇੱਕ ਹੋਰ ਅੰਤਿਮ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਪੱਤਰ ਦੇ ਜਾਰੀ ਹੋਣ ਤੋਂ ਕੁੱਲ 15 (ਕੰਮ-ਕਾਜੀ) ਦਿਨਾਂ ਦੇ ਅੰਦਰ- ਅੰਦਰ ਸਬੰਧਤ ਬਿੱਲਾਂ ਦੀ ਅਦਾਇਗੀ ਲਈ ਬਣਦੀ ਸਾਰੀ ਕਾਰਵਾਈ ਮੁੰਕਮਲ ਕਰਨ ਉਪਰੰਤ ਜਿਲ੍ਹਾ ਮੈਨੇਜਰ , ਖੇਤਰੀ ਦਫਤਰ ਰਾਹੀਂ ਮਿਸਲ/ ਕੰਟੀਜੰਸੀ ਬਿੱਲ ਮੁੱਖ ਦਫਤਰ ਵਿਖੇ ਭਿਜਵਾਉਣ ਤਾਂ ਜੋ ਸਬੰਧਤਾਂ ਨੂੰ ਮਿਹਨਤਾਨੇ ਦੀ ਅਦਾਇਗੀ ਲਈ ਬਣਦੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿੱਲਾ/ਕੇਸਾਂ ਨੂੰ ਅਦਾਇਗੀ ਲਈ ਵਿਚਾਰਿਆ ਨਹੀਂ ਜਾਵੇਗਾ।

13/5/26

**ਸਹਾਇਕ ਸਕੱਤਰ (ਕਾਰਜ਼ ਸੰਚਾਲਨ)**
**ਪੰਜਾਬ ਸਕੂਲ ਸਿੱਖਿਆ ਬੋਰਡ**

Scanned with CamScanner